ਨੰ : ਸੀ. ਸਹਾਇਕ (ਅਮਲਾ)/ਆਰ. ਟੀ. ਆਈ. ਅਪੀਲ/ਸੰ:ਰ:ਜ:/588 ਮਿਤੀ : 25/06/19
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

R.T.I

ਰਜਿਸਟਰਾਰ
ਸਹਿਕਾਰੀ ਸਭਾਵਾਂ ਪੰਜਾਬ,
ਚੰਡੀਗੜ੍ਹ
18 JUL 2019
3779

R.T.I
19/7/19

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

ਵਿਸ਼ਾ :- ਆਰ. ਟੀ. ਆਈ. ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ (ਵਲੋਂ ਸ੍ਰੀ ਪ੍ਰਦੀਪ ਸਿੰਘ)।

675
19/7/19

**ਯਾਦ ਪੱਤਰ :**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਪ੍ਰਦੀਪ ਸਿੰਘ ਪੁੱਤਰ ਸ੍ਰੀ ਕਿਰਪਾਲ ਸਿੰਘ, ਪਿੰਡ ਤੇ ਡਾਕਖਾਨਾ ਉਂਗੀ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 29.05.2019 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ. ਟੀ. ਆਈ. ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ੍ਹ ਜੀ ਵਲੋਂ ਜਾਰੀ ਪੱਤਰ ਨੰ : ਅੰ. ਵਿ ਪੱ ਨੰ: 51/8/2014/2 ਆਰ. ਟੀ. ਆਈ. ਐਨ. ਸੀ. / 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ. ਟੀ. ਆਈ. / 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਪ੍ਰਦੀਪ ਸਿੰਘ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 29.05.2019 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।
ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ/ਜਲੰਧਰ ਮੰਡਲ, ਜਲੰਧਰ।

## ( ਸੂਚਨਾ ਦੇ ਅਧਿਕਾਰ ਐਕਟ, 2005 ਦੀ ਧਾਰਾ 19 (1) ਦੇ ਤਹਿਤ ਅਪੀਲ ਪੱਤਰ )

### ਪਹਿਲੀ ਅਪੀਲ

ਸੇਵਾ ਵਿਖੇ,

ਫਸਟ ਅਪੀਲੈਂਟ ਅਥਾਰਟੀ ,

ਮਾਨਯੋਗ ਸੰਯੁਕਤ ਰਜਿਸਟਰਾਰ ,

ਸਹਿਕਾਰੀ ਸਭਾਵਾਂ , ਜਲੰਧਰ ਮੰਡਲ ,

ਜਿਲ੍ਹਾ ਜਲੰਧਰ ।

ਰਜਿਸਟਰਾਰ ... ਮੰਡਲ
1174
22/04/19

22/4/19

---

ਬਿਨੈਕਾਰ ਦਾ ਪੂਰਾ ਨਾਮ ਅਤੇ ਪਤਾ :- ਪ੍ਰਦੀਪ ਸਿੰਘ, ਸਪੁੱਤਰ ਸ. ਕਿਰਪਾਲ ਸਿੰਘ, ਵਾਸੀ ਪਿੰਡ ਤੇ ਡਾਕਖਾਨਾ ਉੱਗੀ, ਤਹਿਸੀਲ ਨਕੋਦਰ, ਜਿਲ੍ਹਾ ਜਲੰਧਰ. 144623

ਮੋਬਾਇਲ :- 94630-29050

---

ਲੋਕ ਸੂਚਨਾ ਅਫਸਰ ਦਾ ਨਾਮ ਅਤੇ ਪਤਾ :- ਉਪ ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ ਜਲੰਧਰ । ( ਜਿਲ੍ਹਾ ਜਲੰਧਰ ) 144001.

---

ਵਿਸ਼ਾ:- ਸੂਚਨਾ ਦੇ ਅਧਿਕਾਰ ਐਕਟ, 2005 ਦੀ ਧਾਰਾ 19 (1) ਦੇ ਤਹਿਤ ਪਹਿਲੀ ਅਪੀਲ ।

ਸ੍ਰੀ ਮਾਨ ਜੀ ,

ਅਨੁਰੋਧ ਹੈ ਕਿ ਸੂਚਨਾ ਦੇ ਅਧਿਕਾਰ ਦੇ ਸੈਕਸ਼ਨ 6 (1) ਦੇ ਤਹਿਤ ਸੂਚਨਾ ਲੈਣ ਲਈ ਦੀ ਉੱਗੀ ਸਹਿਕਾਰੀ ਸਭਾ ਦੇ ਸਰਕਲ ਇੰਚਾਰਜ ਸ੍ਰੀ ਜਤਿੰਦਰ ਕੁਮਾਰ ਪਾਸੋਂ ਸੂਚਨਾ ਲੈਣ ਲਈ ਇੱਕ RTI ਲਿਖਿਆ ਗਿਆ ਸੀ । ਜਿਸ ਨੂੰ ਮਿਤੀ :- 12/02/2019 ਨੂੰ ਸਪੀਡ ਪੋਸਟ ਡਾਕ ਦੁਅਆਰਾ ਜਿਸ ਦਾ Receipt No :- EP387465961IN ਹੈ। ਰਾਹੀ ਲੋਕ ਸੂਚਨਾ ਅਫਸਰ ਜਲੰਧਰ ਜੀ ਨੂੰ ਭੇਜਿਆ ਗਿਆ ਸੀ । ਜਿਸ ਵਿੱਚ ਜੋ ਸੂਚਨਾ ਮੰਗੀ ਗਈ ਹੈ, ਦੀ ਕਾਪੀ ਨਾਲ ਨੱਥੀ ਹੈ ਜੀ।

ਬਿਨੈਕਾਰ ਪਾਸੋਂ ਮੰਗੀ ਗਈ ਸੂਚਨਾ ਦਾ ਜਵਾਬ ਬਿਨੈਕਾਰ ਨੂੰ ਮਿਤੀ :- 16/04/2019 ਨੂੰ ਪ੍ਰਾਪਤ ਹੋਇਆ ਹੈ , ਜਿਸ ਵਿੱਚ ਦੀ ਉੱਗੀ ਸਹਿਕਾਰੀ ਕੋਆਪ੍ਰੇਟਿਵ ਸਭਾ ਦੇ ਸਰਕਲ ਇੰਚਾਰਜ ਸ੍ਰੀ ਜਤਿੰਦਰ ਕੁਮਾਰ ਪਾਸੋਂ ਲੜੀ

PTO No 2.......

ਨੰ . 1 ਤੋਂ ਲੈ ਕੇ ਲੜੀ ਨੰ . 9 ਤੱਕ ਜੋ ਸੂਚਨਾ ਮੰਗੀ ਦਾ ਜਵਾਬ ਲੋਕ ਸੂਚਨਾ ਅਫਸਰ, ਉਪ ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ ਜਲੰਧਰ ਪਾਸੋਂ ਸਾਧਾਰਨ ਡਾਕ ਦੁਆਰਾ ਬਿਨੈਕਾਰ ਨੂੰ ਪ੍ਰਾਪਤ ਹੋਇਆ ਹੈ । ਦੀ ਕਾਪੀ ਨਾਲ ਨੱਥੀ ਹੈ ਜੀ ।

ਦੀ ਉੱਗੀ ਕੋਆਪ੍ਰੇਟਿਵ ਸਭਾ ਦੇ ਸਰਕਲ ਇੰਚਾਰਜ ਸ੍ਰੀ ਜਤਿੰਦਰ ਕੁਮਾਰ ਨੇ ਜੋ ਬਿਨੈਕਾਰ ਦੇ RTI ਪੱਤਰ ਦਾ ਜੋ ਜਵਾਬ ਦਿੱਤਾ ਹੈ ਉਹ ਗਲਤ ਹੈ । ਇਸ ਲਈ ਬਿਨੈਕਾਰ ਇਸ ਸੂਚਨਾ ਤੋਂ ਸੰਤੁਸ਼ਟ ਨਹੀ ਹੈ ।ਇਸ ਲਈ ਬਿਨੈਕਾਰ ਪਾਸੋਂ ਆਪ ਜੀ ਦੇ ਪਾਸ ਅਪੀਲ ਕੀਤੀ ਜਾਂਦੀ ਹੈ ਕਿ ਸੂਚਨਾ ਦੇ ਅਧਿਕਾਰ ਐਕਟ, 2005 ਦੀ ਧਾਰਾ 19(1) ਦੇ ਤਹਿਤ ਇਸ ਵਿਸ਼ੇ ਉੱਪਰ ਸੁਣਵਾਈ ਕੀਤੀ ਜਾਵੇ । ਅਤੇ ਬਿਨੈਕਾਰ ਨੂੰ ਸਹੀ ਸੂਚਨਾ ਮਹੁੱਈਆ ਕਰਵਾਉਣ ਲਈ ਲੋਕ ਸੂਚਨਾ ਅਫਸਰ ਨੂੰ ਆਦੇਸ਼ ਦਿੱਤੇ ਜਾਣ ਜੀ, ਨਹੀ ਤਾਂ ਮਜਬੂਰਨ ਬਿਨੈਕਾਰ ਨੂੰ ਮਾਣਯੋਗ ਪੰਜਾਬ ਰਾਜ ਸੂਚਨਾ ਕਮਿਸ਼ਨ ਚੰਡੀਗੜ੍ਹ ਜੀ ਪਾਸ ਅਪੀਲ ਕਰਨੀ ਪਵੇਗੀ। ਅਤੇ ਮੰਗੀ ਗਈ ਸੂਚਨਾ ਬਿਨੈਕਾਰ ਨੂੰ ਐਕਟ ਦੇ ਅਨੁਸਾਰ ਮੁਫਤ ਪ੍ਰਦਾਨ ਕਰਵਾਈ ਜਾਵੇ।

ਧੰਨਵਾਦ ਜੀ ।

( ਪਰਦੀਪ ਸਿੰਘ )

ਮਿਤੀ :- 17-04-2019

ਸਥਾਨ :- ਜਲੰਧਰ

ਪਰਦੀਪ ਸਿੰ

ਬਿਨੈਕਾਰ ਦੇ ਪੂਰੇ ਹਸਤਾਖਰ

ਨੰ : ਸੀ.ਸਹਾਇਕ (ਅਮਲਾ)/ ਸੰ:ਰ:ਜ:/ 4119-20 ਮਿਤੀ : 25/06/19

ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਪ੍ਰਦੀਪ ਸਿੰਘ ਪੁੱਤਰ ਸ੍ਰੀ ਕਿਰਪਾਲ ਸਿੰਘ,
ਪਿੰਡ ਤੇ ਡਾਕਖਾਨਾ ਉੱਗੀ, ਤਹਿਸੀਲ ਨਕੋਦਰ,
ਜ਼ਿਲ੍ਹਾ ਜਲੰਧਰ।
2. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ),
ਸਹਿਕਾਰੀ ਸਭਾਵਾਂ, ਜਲੰਧਰ।

ਵਿਸ਼ਾ :- ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 19 ਤਹਿਤ ਅਪੀਲ। (ਵਲੋਂ ਸ੍ਰੀ ਪ੍ਰਦੀਪ ਸਿੰਘ ਪੁੱਤਰ ਸ.ਕਿਰਪਾਲ ਸਿੰਘ)।

ਹੁੱਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ - 2005 ਤਹਿਤ ਦਰਖਾਸਤ ਮਿਤੀ : 12.02.2019 ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਪਾਸੋਂ ਦੀ ਉੱਗੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ:, ਜਲੰਧਰ ਨਾਲ ਸਬੰਧਤ ਮੰਗੀ ਗਈ ਸੂਚਨਾ ਉਸਨੂੰ ਅਧੂਰੀ ਪ੍ਰਾਪਤ ਹੋਣ ਕਾਰਨ ਦਰਖਾਸਤ ਮਿਤੀ : 17.04.2019 ਰਾਹੀਂ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ। ਅਪੀਲ ਅਨੁਸਾਰ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਦੇ ਪੱਤਰ ਨੰ : ਰਕ/ ਡੀ.ਆਰ.ਜੇ./ 2016, ਮਿਤੀ : 10.04.2019 ਰਾਹੀਂ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਉਪਲਬੱਧ ਕਰਵਾਈ ਜਾ ਚੁੱਕੀ ਹੈ। ਇਸ ਪੱਤਰ ਨਾਲ ਪ੍ਰਾਰਥੀ ਨੂੰ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਨਕੋਦਰ ਵਲੋਂ ਜਾਰੀ ਪੱਤਰ ਨੰ : ਸੀ.ਸਹਾਇਕ / ਸ.ਰ.ਨ./ 97, ਮਿਤੀ : 20.07.2019 ਸਪਲਾਈ ਕੀਤਾ ਗਿਆ, ਜਿਸ ਵਿੱਚ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 12.02.2019 ਅਨੁਸਾਰ ਲੜੀ ਨੰ : 01 ਤੋਂ 09 ਦਾ ਲੜੀਵਾਰ ਜਵਾਬ ਦਿੱਤਾ ਗਿਆ। ਅਪੀਲਕਰਤਾ ਉਸਨੂੰ ਸਪਲਾਈ ਕੀਤੀ ਗਈ ਸੂਚਨਾ ਨਾਲ ਸੰਤੁਸ਼ਟ ਨਹੀਂ ਹੈ।

ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਅਤੇ ਮਿਤੀ : 14.05.2019 ਅਤੇ 29.05.2019 ਦੀਆਂ ਵੱਖ-ਵੱਖ ਮਿਤੀਆ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 29.05.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਵਲੋਂ ਸ੍ਰੀ ਪ੍ਰੇਮ ਪਾਲ,

.......2.......

ਲੇਖਾਕਾਰ ਹਾਜਰ ਆਇਆ ਅਤੇ ਉਸ ਵਲੋਂ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਗਈ ਸੂਚਨਾ ਸਬੰਧੀ ਰੀਕਾਰਡ ਪੇਸ਼ ਕੀਤਾ ਗਿਆ। ਅਪੀਲਕਰਤਾ ਦੋਵਾਂ ਮਿਤੀਆ ਨੂੰ ਹਾਜਰ ਨਹੀਂ ਆਇਆ।

ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਨਕੋਦਰ ਦਫਤਰ ਪਾਸ ਜੋ ਸੂਚਨਾ ਉਪਲਬੱਧ ਹੋਈ, ਉਹ ਸੂਚਨਾ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਵਲੋਂ ਉਨ੍ਹਾਂ ਦੇ ਪੱਤਰ ਨੰ : ਰਕ/ ਡੀ.ਆਰ.ਜੇ./ 2016, ਮਿਤੀ : 10.04.2019 ਰਾਹੀਂ ਪ੍ਰਾਰਥੀ ਨੂੰ ਡਲਿਵਰ ਕਰ ਦਿੱਤੀ ਗਈ ਹੈ। ਬਾਕੀ ਸੂਚਨਾ ਦੀ ਉੱਗੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ:, ਜਲੰਧਰ ਨਾਲ ਸਬੰਧਤ ਹੈ। ਇਹ ਸਹਿਕਾਰੀ ਸਭਾ ਰਾਈਟ ਟੂ ਇਨਫਰਮੇਸ਼ਨ ਐਕਟ - 2005 ਦੇ ਸਕੈਸ਼ਨ 2 (h) ਅਨੁਸਾਰ ਪਬਲਿਕ ਅਥਾਰਟੀ ਨਹੀਂ ਹੈ, ਜਿਸ ਕਾਰਨ ਸਭਾ ਦੇ ਪੱਧਰ ਦੀ ਸੂਚਨਾ ਪ੍ਰਾਰਥੀ ਨੂੰ ਉਪਲਬੱਧ ਨਹੀਂ ਕਰਵਾਈ ਜਾ ਸਕਦੀ।

ਅਪੀਲ ਡਿਸਪੋਜ਼ ਆਫ (dispose off) ਕੀਤੀ ਜਾਂਦੀ ਹੈ।

ਮਿਤੀ : 29.05.2019.

(ਐਪੀਲੇਂਟ ਅਥਾਰਟੀ)
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।